ਮਿੱਠੇ ਬੱਚੇ:- ਪ੍ਰਸ਼ਨ :- ਬਾਬਾ ਨੇ ਆਪਣੇ ਬੱਚਿਆਂ ਨੂੰ ਕਿਹੜਾ ਸਮਾਚਾਰ ਸੁਣਾਇਆ ਹੈ?

ਗੀਤ:- ਤੁਮ੍ਹੀਂ ਹੋ ਮਾਤਾ - ਪਿਤਾ...

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੇ ਗੀਤ ਸੁਣਿਆ। ਆਤਮਾਵਾਂ ਨੇ ਇਨ੍ਹਾਂ ਜਿਸਮਾਨੀ ਕਰਮਇੰਦਰੀਆਂ ਨਾਲ ਗੀਤ ਸੁਣਿਆ। ਗੀਤ ਵਿੱਚ ਪਹਿਲਾਂ ਤਾਂ ਠੀਕ ਸੀ। ਪਿਛਾੜੀ ਵਿੱਚ ਫਿਰ ਭਗਤੀ ਦੇ ਅੱਖਰ ਸਨ। ਹੁਣ ਬੱਚੇ ਚਰਨਾਂ ਦੀ ਧੂਲ ਥੋੜ੍ਹੀ ਹੀ ਹੁੰਦੇ ਹਨ। ਇਹ ਰਾਂਗ ਹੈ। ਬਾਪ ਬੱਚਿਆਂ ਨੂੰ ਰਾਈਟ ਅੱਖਰ ਸਮਝਾਉਂਦੇ ਹਨ। ਬਾਪ ਆਉਂਦੇ ਵੀ ਉੱਥੋਂ ਹਨ ਜਿੱਥੋਂ ਬੱਚੇ ਆਉਂਦੇ ਹਨ, ਉਹ ਹੈ ਨਿਰਵਾਣਧਾਮ। ਬੱਚਿਆਂ ਨੂੰ ਸਾਰਿਆਂ ਦੇ ਆਉਣ ਦਾ ਸਮਾਚਾਰ ਤਾ ਸੁਣਾਇਆ। ਆਪਣਾ ਵੀ ਸੁਣਾਇਆ ਕਿ ਮੈਂ ਕਿਵੇਂ ਆਉਂਦਾ ਹਾਂ, ਆਕੇ ਕੀ ਕਰਦਾ ਹਾਂ। ਰਾਮਰਾਜ ਸਥਾਪਨ ਕਰਨ ਦੇ ਲਈ ਰਾਵਣ ਤੇ ਜਿੱਤ ਪ੍ਰਾਪਤ ਕਰਵਾਉਂਦੇ ਹਨ। ਬੱਚੇ ਜਾਣਦੇ ਹਨ - ਰਾਮਰਾਜ ਤੇ ਰਾਵਨਰਾਜ ਇਸ ਧਰਤੀ ਤੇ ਹੀ ਕਹਾਂਗੇ। ਹੁਣ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਧਰਤੀ, ਅਕਾਸ਼, ਸੂਰਜ ਆਦਿ ਸਭ ਤੁਹਾਡੇ ਹੱਥ ਵਿੱਚ ਆ ਜਾਂਦੇ ਹਨ। ਤਾ ਕਹਾਂਗੇ ਰਾਵਾਨਰਾਜ ਸਾਰੇ ਵਿਸ਼ਵ ਤੇ ਅਤੇ ਰਾਮਰਾਜ ਵੀ ਸਾਰੇ ਵਿਸ਼ਵ ਤੇ ਹੈ। ਰਾਵਾਨਰਾਜ ਵਿੱਚ ਕਿੰਨੇਂ ਕਰੋੜ ਹਨ, ਰਾਮਰਾਜ ਵਿੱਚ ਥੋੜੇ ਹਨ ਫਿਰ ਹੌਲੀ - ਹੌਲੀ ਵੱਧਦੇ ਜਾਂਦੇ ਹਨ। ਰਾਮਰਾਜ ਵਿੱਚ ਵ੍ਰਿਧੀ ਬਹੁਤ ਹੁੰਦੀ ਹੈ ਕਿਉਂਕਿ ਮਨੁੱਖ ਵਿਕਾਰੀ ਬਣ ਜਾਂਦੇ ਹਨ। ਰਾਮਰਾਜ ਵਿੱਚ ਹਨ ਨਿਰਵਿਕਾਰੀ। ਮਨੁੱਖਾਂ ਦੀ ਹੀ ਕਹਾਣੀ ਹੈ। ਤਾ ਰਾਮ ਵੀ ਬੇਹੱਦ ਦਾ ਮਾਲਿਕ ਤੇ ਰਾਵਣ ਵੀ ਬੇਹੱਦ ਦਾ ਮਾਲਿਕ ਹੈ। ਹੁਣ ਕਿੰਨੇਂ ਅਨੇਕ ਧਰਮ ਹਨ। ਗਾਇਆ ਹੋਇਆ ਹੈ ਅਨੇਕ ਧਰਮਾਂ ਦਾ ਵਿਨਾਸ਼। ਬਾਬਾ ਨੇ ਝਾੜ ਤੇ ਵੀ ਸਮਝਾਇਆ ਹੈ।

ਹੁਣ ਦੁਸ਼ਹਿਰਾ ਮਨਾਉਂਦੇ ਹਨ, ਰਾਵਣ ਨੂੰ ਸਾੜਦੇ ਹਨ। ਇਹ ਹੈ ਹੱਦ ਦਾ ਜਲਾਉਣਾ। ਤੁਹਾਡੀ ਤੇ ਹੈ ਬੇਹੱਦ ਦੀ ਗੱਲ। ਰਾਵਣ ਨੂੰ ਤਾਂ ਸਿਰਫ ਭਾਰਤਵਾਸੀ ਹੀ ਸਾੜਦੇ ਹਨ, ਵਿਦੇਸ਼ ਵਿੱਚ ਵੀ ਜਿੱਥੇ - ਜਿੱਥੇ ਭਾਰਤਵਾਸੀ ਜਿਆਦਾ ਹੋਣਗੇ ਉੱਥੇ ਵੀ ਸਾੜਨਗੇ। ਉਹ ਹੈ ਹੱਦ ਦਾ ਦੁਸ਼ਹਿਰਾ। ਵਿਖਾਉਂਦੇ ਹਨ ਲੰਕਾ ਵਿੱਚ ਰਾਵਣ ਰਾਜ ਕਰਦਾ ਸੀ, ਸੀਤਾ ਨੂੰ ਚੋਰੀ ਕਰ ਕੇ ਲੰਕਾ ਵਿੱਚ ਲੈ ਗਿਆ। ਇਹ ਹੋ ਗਈਆਂ ਹੱਦ ਦੀਆਂ ਗੱਲਾਂ। ਹੁਣ ਬਾਪ ਕਹਿੰਦੇ ਹਨ ਸਾਰੇ ਵਿਸ਼ਵ ਤੇ ਰਾਵਣ ਦਾ ਰਾਜ ਹੈ। ਰਾਮਰਾਜ ਹੁਣ ਨਹੀਂ ਹੈ। ਰਾਮਰਾਜ ਮਤਲਬ ਈਸ਼ਵਰ ਦਾ ਸਥਾਪਨ ਕੀਤਾ ਹੋਇਆ। ਸਤਯੁਗ ਨੂੰ ਕਿਹਾ ਜਾਂਦਾ ਹੈ ਰਾਮਰਾਜ। ਰਘੁਪਤੀ ਰਾਘਵ ਰਾਜਾਰਾਮ ਕਹਿੰਦੇ ਹਨ ਪਰ ਰਾਜਾਰਾਮ ਨੂੰ ਨਹੀਂ ਸਿਮਰਦੇ ਹਨ, ਜੋ ਸਾਰੇ ਵਿਸ਼ਵ ਦੀ ਸੇਵਾ ਕਰਦੇ ਹਨ, ਉਨ੍ਹਾਂ ਦੀ ਮਾਲਾ ਸਿਮਰਦੇ ਹਨ।

ਭਾਰਤਵਾਸੀ ਦੁਸ਼ਹਿਰੇ ਦੇ ਬਾਅਦ ਫਿਰ ਦੀਵਾਲੀ ਮਨਾਉਂਦੇ ਹਨ। ਦੀਵਾਲੀ ਕਿਉਂ ਮਨਾਉਂਦੇ ਹਨ? ਕਿਉਂਕਿ ਦੇਵਤਾਵਾਂ ਦੀ ਤਾਜਪੋਸ਼ੀ ਹੁੰਦੀ ਹੈ। ਕਾਰੋਨੇਸ਼ਨ ਤੇ ਬਤੀਆਂ ਆਦਿ ਬਹੁਤ ਜਲਾਉਂਦੇ ਹਨ। ਇੱਕ ਤਾਂ ਤਾਜਪੋਸ਼ੀ ਦੂਸਰਾ ਫਿਰ ਕਿਹਾ ਜਾਂਦਾ ਹੈ - ਘਰ - ਘਰ ਵਿੱਚ ਦੀਪਮਾਲਾ। ਹਰ ਇੱਕ ਆਤਮਾ ਦੀ ਜੋਤ ਜਗ ਜਾਂਦੀ ਹੈ। ਹੁਣ ਸਭ ਆਤਮਾਵਾਂ ਦੀ ਜੋਤ ਉਝਾਈ ਹੋਈ ਹੈ। ਆਇਰਨ ਏਜ਼ਡ ਹੈ ਯਾਨੀ ਹਨ੍ਹੇਰਾ ਹੈ। ਹਨ੍ਹੇਰਾ ਮਤਲਬ ਭਗਤੀ ਮਾਰਗ। ਭਗਤੀ ਕਰਦੇ - ਕਰਦੇ ਜੋਤੀ ਘੱਟ ਹੋ ਜਾਂਦੀ ਹੈ। ਬਾਕੀ ਤੇ ਇਹ ਦੀਪਮਾਲਾ ਅਰਟੀਫਿਸ਼ਲ ਹੈ। ਇਵੇਂ ਨਹੀਂ ਕਿ ਕਾਰੋਨੇਸ਼ਨ ਹੁੰਦਾ ਹੈ ਤਾ ਆਤਿਸ਼ਬਾਜੀ ਜਲਾਉਂਦੇ ਹਨ। ਦੀਪਮਾਲਾ ਤੇ ਲੱਛਮੀ ਨੂੰ ਬਲਾਉਂਦੇ ਹਨ। ਪੂਜਾ ਕਰਦੇ ਹਨ। ਇਹ ਉੱਤਸਵ ਹਨ ਭਗਤੀ ਮਾਰਗ ਦੇ। ਜੋ ਵੀ ਰਾਜਾ ਤਖ਼ਤ ਤੇ ਬੈਠਦੇ ਹਨਤਾਂ ਉਨ੍ਹਾਂ ਦਾ ਕਾਰੋਨੇਸ਼ਨ ਡੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹ ਸਭ ਹੈ ਹੱਦ ਦੇ। ਹੁਣ ਤਾ ਬੇਹੱਦ ਦਾ ਵਿਨਾਸ਼, ਸੱਚਾ - ਸੱਚਾ ਦੁਸ਼ਹਿਰਾ ਹੋਣਾ ਹੈ। ਬਾਪ ਆਏ ਹਨ ਸਭ ਦੀ ਜਤੀ ਜਗਾਉਣ। ਮਨੁੱਖ ਸਮਝਦੇ ਹਨ ਸਾਡੀ ਜੋਤ ਵੱਡੀ ਜੋਤ ਨਾਲ ਮਿਲ ਜਾਏਗੀ। ਬ੍ਰਹਮ ਸਮਾਜੀਆਂ ਦੇ ਮੰਦਿਰ ਵਿੱਚ ਸਦੈਵ ਜੋਤੀ ਜਗਦੀ ਹੈ। ਸਮਝਦੇ ਹਨ ਜਿਸ ਤਰ੍ਹਾਂ ਪਰਵਾਨੇ ਜੋਤੀ ਤੇ ਫੇਰੀ ਪਹਿਣ ਫ਼ਿਦਾ ਹੁੰਦੇ ਹਨ ਉਵੇਂ ਹੀ ਸਾਡੀ ਆਤਮਾ ਵੀ ਹੁਣ ਵੱਡੀ ਜੋਤ ਨਾਲ ਮਿਲ ਜਾਏਗੀ। ਇਸ ਉੱਤੇ ਦ੍ਰਿਸ਼ਟਾਂਤ ਬਣਾਇਆ ਹੈ। ਹਾਲੇ ਤੁਸੀਂ ਹੋ ਅੱਧਾ ਕਲਪ ਦੇ ਆਸ਼ਿਕ। ਤੁਸੀਂ ਆਕੇ ਇੱਕ ਮਾਸ਼ੂਕ ਤੇ ਫ਼ਿਦਾ ਹੁੰਦੇ ਹੋ, ਜਲਣ ਦੀ ਤਾਂ ਗੱਲ ਨਹੀਂ। ਜਿਸ ਤਰ੍ਹਾਂ ਉਹ ਆਸ਼ਿਕ ਮਾਸ਼ੂਕ ਹੁੰਦੇ ਹਨ ਤਾਂ ਉਹ ਇੱਕ - ਦੋ ਦੇ ਆਸ਼ਿਕ ਬਣ ਜਾਂਦੇ ਹਨ। ਇੱਥੇ ਉਹ ਇੱਕ ਹੀ ਮਾਸ਼ੂਕ ਹੈ, ਬਾਕੀ ਸਭ ਹਨ ਆਸ਼ਿਕ। ਆਸ਼ਿਕ ਉਸ ਮਾਸ਼ੂਕ ਨੂੰ ਭਗਤੀ ਮਾਰਗ ਵਿੱਚ ਯਾਦ ਕਰਦੇ ਰਹਿੰਦੇ ਹਨ। ਮਾਸ਼ੂਕ ਤੁਸੀਂ ਆਵੋ ਤਾਂ ਅਸੀਂ ਤੁਹਾਡੇ ਤੇ ਬਲੀ ਚੜੀਏ। ਤੁਹਾਡੇ ਸਿਵਾਏ ਅਸੀਂ ਕਿਸੇ ਨੂੰ ਵੀ ਯਾਦ ਨਹੀਂ ਕਰਾਂਗੇ। ਇਹ ਤੁਹਾਡਾ ਜਿਸਮਾਨੀ ਲਵ ਨਹੀਂ ਹੈ। ਉਨ੍ਹਾਂ ਆਸ਼ਿਕ - ਮਾਸ਼ੂਕ ਦਾ ਜਿਸਮਾਨੀ ਲਵ ਹੁੰਦਾ ਹੈ । ਬਸ ਇਕ - ਦੋ ਨੂੰ ਵੇਖਦੇ ਰਹਿੰਦੇ ਹਨ, ਦੇਖਣ ਨਾਲ ਹੀ ਜਿਵੇਂ ਤ੍ਰਿਪਤ ਹੋ ਜਾਂਦੇ ਹਨ। ਇੱਥੇ ਤਾ ਹੈ ਇੱਕ ਮਾਸ਼ੂਕ ਬਾਕੀ ਸਭ ਹਨ ਆਸ਼ਿਕ। ਸਭ ਬਾਪ ਨੂੰ ਯਾਦ ਕਰਦੇ ਹਨ। ਭਲ ਕੋਈ ਨੇਚਰ ਆਦਿ ਨੂੰ ਵੀ ਮਨਦੇ ਹਨ। ਫਿਰ ਵੀ ਓ ਗੋਡ, ਹੇ ਭਗਵਾਨ ਮੁੱਖ ਤੋਂ ਜਰੂਰ ਨਿਕਲਦਾ ਹੈ। ਸਭ ਉਨ੍ਹਾਂ ਨੂੰ ਬੁਲਾਉਂਦੇ ਹਨ, ਸਾਡੇ ਦੁੱਖ ਦੂਰ ਕਰੋ। ਭਗਤੀ ਮਾਰਗ ਵਿੱਚ ਤਾਂ ਬਹੁਤ ਆਸ਼ਿਕ - ਮਾਸ਼ੂਕ ਹੁੰਦੇ ਹਨ, ਕੋਈ ਕਿਸ ਦਾ ਆਸ਼ਿਕ, ਕੋਈ ਕਿਸ ਦਾ ਆਸ਼ਿਕ। ਹਨੂਮਾਨ ਦੇ ਕਿਨੇ ਆਸ਼ਿਕ ਹੁੰਦੇ ਹੋਣਗੇ? ਸਾਰੇ ਆਪਣੇ - ਆਪਣੇ ਮਾਸ਼ੂਕ ਦੇ ਚਿੱਤਰ ਬਣਾ ਕੇ ਫੇਰ ਆਪਸ ਵਿੱਚ ਮਿਲਕੇ ਬੈਠ ਉਨ੍ਹਾਂ ਦੀ ਪੂਜਾ ਕਰਦੇ ਹਨ। ਪੂਜਾ ਕਰ ਫਿਰ ਮਾਸ਼ੂਕ ਨੂੰ ਡੁਬੋ ਦਿੰਦੇ ਹਨ] ਅਰਥ ਕੁਝ ਵੀ ਨਹੀਂ ਨਿਕਲਦਾ। ਉੱਥੇ ਇਹ ਗੱਲ ਨਹੀਂ। ਇੱਥੇ ਤੁਹਾਡਾ ਮਾਸ਼ੂਕ ਏਵਰ ਗੋਰਾ ਹੈ, ਕਦੀ ਸਾਂਵਰਾ ਬਣਦਾ ਨਹੀਂ। ਬਾਪ ਮੁਸਾਫ਼ਿਰ ਆ ਕੇ ਸਭ ਨੂੰ ਗੋਰਾ ਬਣਾਉਂਦੇ ਹਨ। ਤੁਸੀਂ ਵੀ

ਮੁਸਾਫ਼ਿਰ ਹੋ ਨਾ। ਦੂਰ ਦੇਸ਼ ਤੋਂ ਆ ਕੇ ਇੱਥੇ ਪਾਰ੍ਹ ਵਜਾਉਂਦੇ ਹੋ। ਤੁਹਾਡੇ ਵਿੱਚ ਵੀ ਸਭ ਨੰਬਰਵਾਰ ਪੁਰਸ਼ਾਰਥ ਅਨੁਸਾਰ ਸਮਝਦੇ ਹਨ। ਹੁਣ ਤੁਸੀਂ ਤ੍ਰਿਕਾਲਦਰਸ਼ੀ ਬਣ ਗਏ ਹੋ। ਰਚਤਾ ਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੋ ਤੇ ਤੁਸੀਂ ਹੋ ਗਏ ਤ੍ਰਿਕਾਲਦਰਸ਼ੀ ਬ੍ਰਹਮਾਕੁਮਾਰ - ਕੁਮਾਰੀਆਂ। ਜਿਸ ਤਰ੍ਹਾਂ ਜਗਤ ਗੁਰੂ ਦਾ ਵੀ ਟਾਈਟਲ ਮਿਲਦਾ ਹੈ ਨਾ। ਤੁਹਾਨੂੰ ਇਹ ਟਾਇਟਲ ਮਿਲਦਾ ਹੈ। ਤੁਹਾਨੂੰ ਸਭ ਤੋਂ ਵਧੀਆ ਟਾਈਟਲ ਮਿਲਦਾ ਹੈ ਸਵਦਰਸ਼ਨ ਚੱਕਰ ਧਾਰੀ। ਤੁਸੀਂ ਬ੍ਰਾਹਮਣ ਹੀ ਸਵਦਰ੍ਸ਼ਨਧਾਰੀ ਹੋ ਜਾਂ ਸ਼ਿਵਬਾਬਾ ਵੀ ਹੈ? ( ਸ਼ਿਵਬਾਬਾ ਵੀ ਹੈ) ਹਾਂ, ਕਿਉਕਿ ਸਵਦਰ੍ਸ਼ਨ ਚੱਕਰਧਾਰੀ ਆਤਮਾ ਹੁੰਦੀ ਹੈ ਨਾ - ਸਰੀਰ ਦੇ ਨਾਲ। ਬਾਪ ਵੀ ਇਸ ਵਿੱਚ ਆਕੇ ਸਮਝਾਉਂਦੇ ਹਨ। ਸ਼ਿਵਬਾਬਾ ਸਵਦਰ੍ਸ਼ਨ ਚੱਕਰਧਾਰੀ ਨਾ ਹੋਵੇ ਤਾ ਤੁਹਾਨੂੰ ਕਿਵੇਂ ਬਣਾਏ। ਉਹ ਸਭ ਤੋਂ ਸੁਪ੍ਰੀਮ ਉੱਚ ਤੋਂ ਉੱਚ ਆਤਮਾ ਹੈ। ਦੇਹ ਨੂੰ ਥੋੜੀ ਹੀ ਕਿਹਾ ਜਾਂਦਾ ਹੈ। ਇਹ ਸੁਪ੍ਰੀਮ ਬਾਪ ਹੀ ਆਕੇ ਤੁਹਾਨੂੰ ਸੁਪ੍ਰੀਮ ਬਣਾਉਂਦੇ ਹਨ। ਸਵਦਰ੍ਸ਼ਨਧਾਰੀ ਅਤਮਾਤਵਾਂ ਦੇ ਸਿਵਾਏ ਕੋਈ ਬਣ ਨਾ ਸਕੇ। ਕਿਹੜੀਆਂ ਆਤਮਾਵਾਂ? ਜੋ ਬ੍ਰਾਹਮਣ ਧਰਮ ਵਿੱਚ ਹਨ। ਜਦੋਂ ਸ਼ੂਦ੍ਰ ਧਰਮ ਵਿੱਚ ਸੀ, ਤਾਂ ਨਹੀਂ ਜਾਣਦੇ ਸਨ। ਹੁਣ ਬਾਪ ਰਾਹੀਂ ਤੁਸੀਂ ਜਾਣਿਆ ਹੈ। ਕਿੰਨੀਆਂ ਚੰਗੀਆਂ - ਚੰਗੀਆਂ ਗੱਲਾਂ ਹਨ। ਤੁਸੀਂ ਹੀ ਸੁਣਦੇ ਹੋ ਤੇ ਖੁਸ਼ ਹੁੰਦੇ ਹੋ। ਬਾਹਰ ਵਾਲੇ ਇਹ ਸੁਣਨ ਤਾਂ ਹੈਰਾਨ ਹੋ ਜਾਣ, ਓਹੋ! ਇਹ ਤਾਂ ਬਹੁਤ ਉੱਚਾ ਗਿਆਨ ਹੈ। ਅੱਛਾ ਤੁਸੀਂ ਵੀ ਇੰਝ ਦੇ ਸਵਦਰ੍ਸ਼ਨ ਚਕਰਧਾਰੀ ਬਣੋ ਤਾ ਫੇਰ ਚੱਕਰਵਰਤੀ ਰਾਜਾ ਵਿਸ਼ਵ ਦੇ ਮਾਲਿਕ ਬਣ ਜਾਵੋਗੇ। ਇੱਥੋਂ ਬਾਹਰ ਗਏ ਖਲਾਸ। ਮਾਇਆ ਇੰਨੀ ਬਹਾਦੁਰ ਹੈ, ਇੱਥੇ ਦੀ ਇੱਥੇ ਰਹੀ। ਜਿਸ ਤਰ੍ਹਾਂ ਗਰਭ ਵਿਚੋਂ ਬੱਚਾ ਅੰਜਾਮ (ਵਾਇਦਾ) ਕਰ ਕੇ ਨਿਕਲਦਾ ਹੈ ਫਿਰ ਵੀ ਉੱਥੇ ਦੀ ਉੱਥੇ ਰਹਿ ਜਾਂਦੀ ਹੈ। ਤੁਸੀਂ ਪ੍ਰਦਰਸ਼ਨੀ ਆਦਿ ਵਿੱਚ ਸਮਝਾਉਂਦੇ ਹੋ, ਬਹੁਤ ਚੰਗਾ - ਚੰਗਾ ਕਹਿੰਦੇ ਹਨ। ਨਾਲੇਜ਼ ਬਹੁਤ ਚੰਗੀ ਹੈ, ਮੈਂ ਅਜਿਹਾ ਪੁਰਸ਼ਾਰਥ ਕਰਾਂਗਾ, ਇਹ ਕਰਾਂਗਾ …। ਬਸ ਬਾਹਰ ਨਿਕਲਿਆ, ਉੱਥੇ ਦੀ ਉੱਥੇ ਰਹੀ। ਪੰਤੂ ਫਿਰ ਵੀ ਕੁਝ ਨਾ ਕੁਝ ਅਸਰ ਰਹਿੰਦਾ ਹੈ। ਇਸ ਤਰ੍ਹਾਂ ਨਹੀਂ ਕਿ ਉਹ ਫਿਰ ਨਹੀਂ ਆਉਣਗੇ। ਝਾੜ ਦੀ ਵ੍ਰਿਧੀ ਹੁੰਦੀ ਜਾਏਗੀ। ਝਾੜ ਵ੍ਰਿਧੀ ਨੂੰ ਪਾਵੇਗਾ ਤਾਂ ਫਿਰ ਸਭ ਨੂੰ ਖਿੱਚੇਗਾ। ਹੁਣ ਤਾ ਇਹ ਹੈ ਰੋਰਵ ਨਰਕ ਹੈ। ਗਰੁੜ ਪੁਰਾਣ ਵਿੱਚ ਵੀ ਅਜਿਹੀਆਂ ਰੋਚਕ ਗੱਲਾਂ ਲਿਖੀਆਂ ਹੋਇਆ ਹਨ, ਜੋ ਮਨੁੱਸ਼ਾਂ ਨੂੰ ਸੁਣਾਉਂਦੇ ਹਨ ਤਾਕਿ ਕੁੱਝ ਡਰ ਰਹੇ। ਉਨ੍ਹਾਂ ਤੋਂ ਹੀ ਨਿਕਲਿਆ ਹੈ ਕਿ ਮਨੁੱਖ ਸੱਪ ਬਿਛੂ ਆਦਿ ਬਣਦੇ ਹਨ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਵਿਸ਼ੇ ਵੈਤਰਨੀ ਨਦੀ ਵਿੱਚੋਂ ਕੱਢ ਕੇ ਸ਼ੀਰਸਾਗਰ ਵਿੱਚ ਭੇਜ ਦਿੰਦਾ ਹਾਂ। ਅਸਲ ਵਿੱਚ ਤੁਸੀਂ ਸ਼ਾਂਤੀਧਾਮ ਦੇ ਨਿਵਾਸੀ ਸੀ। ਫਿਰ ਸੁਖਧਾਮ ਵਿੱਚ ਪਾਰ੍ਹ ਵਜਾਉਣ ਆਏ। ਹੁਣ ਅਸੀਂ ਫਿਰ ਜਾਂਦੇ ਹਾਂ ਸ਼ਾਂਤੀਧਾਮ ਅਤੇ ਸੁਖਧਾਮ। ਉਹ ਧਾਮ ਤਾ ਯਾਦ ਕਰਾਂਗੇ ਨਾ। ਗਾਉਂਦੇ ਵੀ ਹੋ ਤੁਮ ਮਾਤ - ਪਿਤਾ….. ਉਹ ਸੁੱਖ ਘਨੇਰੇ ਤਾ ਹੁੰਦੇ ਹੀ ਹਨ ਸਤਿਯੁਗ ਵਿੱਚ। ਹੁਣ ਹੈ ਸੰਗਮ। ਇੱਥੇ ਪਿਛਾੜੀ ਵਿੱਚ ਤ੍ਰਾਹਿ - ਤ੍ਰਾਹਿ ਕਰਨਗੇ ਕਿਉਂਕਿ ਅਤਿ ਦੁੱਖ ਹੁੰਦਾ ਹੈ। ਫਿਰ ਸਤਯੁਗ ਵਿੱਚ ਅਤਿ ਸੁਖ ਹੋਵੇਗਾ। ਅਤਿ ਸੁਖ ਤੇ ਅਤਿ ਦੁੱਖ ਦਾ ਇਹ ਖੇਲ੍ਹ ਬਣਿਆ ਹੋਇਆ ਹੈ। ਵਿਸ਼ਨੂੰ ਅਵਤਾਰ ਵੀ ਵਿਖਾਉਂਦੇ ਹਨ। ਲੱਛਮੀ - ਨਾਰਾਇਣ ਦਾ ਜੋੜਾ ਜਿਵੇਂ ਉਪਰੋਂ ਦੀ ਆਉਂਦਾ ਹੈ। ਹੁਣ ਉੱਪਰ ਤੋਂ ਕੋਈ ਸ਼ਰੀਰਧਾਰੀ ਆਉਂਦੇ ਥੋੜੀ ਹੀ ਹਨ। ਉੱਪਰ ਤੋਂ ਤਾਂ ਹਰ ਇੱਕ ਦੀ ਆਤਮਾ ਆਉਂਦੀ ਹੈ। ਪਰੰਤੂ ਈਸ਼ਵਰ ਦਾ ਅਵਤਾਰਨ ਬਹੁਤ ਵਚਿੱਤਰ ਹੈ, ਉਹ ਹੀ ਆਕੇ ਭਾਰਤ ਨੂੰ ਸਵਰਗ ਬਣਾਉਦੇ ਹਨ। ਉਨ੍ਹਾਂ ਦਾ ਤਿਉਹਾਰ ਸ਼ਿਵ ਜਯੰਤੀ ਮਨਾਉਂਦੇ ਹਨ। ਜੇਕਰ ਪਤਾ ਹੁੰਦਾ ਪਰਮਪਿਤਾ ਪਰਮਾਤਮਾ ਸ਼ਿਵ ਹੀ ਮੁਕਤੀ- ਜੀਵਨਮੁਕਤੀ ਦਾ ਵਰਸਾ ਦਿੰਦੇ ਹਨ ਤਾਂ ਫਿਰ ਸਾਰੇ ਵਿਸ਼ਵ ਵਿੱਚ ਗੋਡ ਫਾਦਰ ਦਾ ਤਿਉਹਾਰ ਮਨਾਉਦੇ। ਬੇਹੱਦ ਦੇ ਬਾਪ ਦਾ ਯਾਦਗਾਰ ਮਨਾਉਣ ਉਦੋਂ ਜਦੋਂ ਸਮਝਣ ਕਿ ਸ਼ਿਵਬਾਬਾ ਹੀ ਲਿਬ੍ਰੇਟਰ, ਗਾਇਡ ਹੈ। ਉਨ੍ਹਾਂ ਦਾ ਜਨਮ ਹੀ ਭਾਰਤ ਵਿੱਚ ਹੁੰਦਾ ਹੈ। ਸ਼ਿਵ ਜਯੰਤੀ ਵੀ ਭਾਰਤ ਵਿੱਚ ਹੀ ਮਨਾਉਦੇ ਹਨ। ਪਰ ਪੂਰੀ ਪਹਿਚਾਣ ਨਹੀਂ ਹੈ ਤਾ ਹੋਲੀਡੇ ਵੀ ਨਹੀ ਕਰਦੇ ਹਨ। ਜੋ ਬਾਪ ਸਰਵ ਦੀ ਸਦਗਤੀ ਕਰਨ ਵਾਲਾ, ਉਨ੍ਹਾਂ ਦੀ ਜਨਮ ਭੂਮੀ ਜਿੱਥੇ ਆ ਕੇ ਅਲੌਕਿਕ ਕਰਤਵਿਆ ਕਰਦੇ ਹਨ, ਉਨ੍ਹਾਂ ਦਾ ਜਨਮਦਿਨ ਅਤੇ ਤੀਰਥ ਯਾਤਰਾ ਬਹੁਤ ਮਨਾਉਣੀ ਚਾਹੀਦੀ ਹੈ। ਤੁਹਾਡਾ ਯਾਦਗਾਰ ਮੰਦਿਰ ਵੀ ਇੱਥੇ ਹੀ ਹੈ। ਪਰੰਤੂ ਕਿਸੇਨੂੰ ਪਤਾ ਨਹੀਂ ਹੈ ਕਿ ਸ਼ਿਵਬਾਬਾ ਹੀ ਆਕੇ ਲੀਬ੍ਰੇਟਰ, ਗਾਈਡ ਬਣਦਾ ਹੈ। ਕਹਿੰਦੇ ਸਭ ਹਨ ਸਭ ਦੁੱਖਾਂ ਤੋਂ ਛੁੜਾ ਕੇ ਸੁਖਧਾਮ ਵਿੱਚ ਲੈ ਚੱਲੋ ਪਰੰਤੂ ਸਮਝਦੇ ਨਹੀਂ। ਭਾਰਤ ਬਹੁਤ ਉੱਚ ਤੇ ਉੱਚ ਖੰਡ ਹੈ। ਭਾਰਤ ਦੀ ਮਾਹਿਮਾ ਅਪਰਮਪਾਰ ਗਾਈ ਹੋਈ ਹੈ। ਉੱਥੇ ਹੀ ਸ਼ਿਵਬਾਬਾ ਦਾ ਜਨਮ ਹੁੰਦਾ ਹੈ, ਉਨ੍ਹਾਂ ਨੂੰ ਕੋਈ ਮੰਨਦੇ ਨਹੀਂ। ਸਟੈਂਪ ਨਹੀਂ ਬਣਾਉਂਦੇ। ਹੋਰਾਂ ਦੀ ਤੇ ਬਣਾਉਂਦੇ ਰਹਿੰਦੇ ਹਨ। ਹੁਣ ਕਿਵੇਂ ਸਮਝਾਇਆ ਜਾਏ ਜੋ ਇਨ੍ਹਾਂ ਦੇ ਮਹੱਤਵ ਦਾ ਸਭ ਨੂੰ ਪਤਾ ਪਵੇ। ਵਿਲਾਇਤ ਵਿੱਚ ਵੀ ਸੰਨਿਆਸੀ ਆਦਿ ਜਾਕੇ ਭਾਰਤ ਦਾ ਪ੍ਰਾਚੀਨ ਯੋਗ ਸਿਖਾਉਂਦੇ ਹਨ, ਜੱਦ ਤੁਸੀਂ ਇਹ ਰਾਜਯੋਗ ਦੱਸੋਗੇ ਤਾਂ ਤੁਹਾਡਾ ਬਹੁਤ ਨਾਮ ਹੋਵੇਗਾ। ਬੋਲੋ, ਰਾਜਯੋਗ ਕਿਸ ਨੇ ਸਿਖਾਇਆ ਸੀ, ਇਹ ਕਿਸੇ ਨੂੰ ਪਤਾ ਨਹੀਂ ਹੈ। ਕ੍ਰਿਸ਼ਨ ਨੇ ਵੀ ਹੱਠਯੋਗ ਤਾਂ ਸਿਖਾਇਆ ਨਹੀਂ। ਇਹ ਹਠਯੋਗ ਹੈ ਸੰਨਿਆਸੀਆਂ ਦਾ। ਜੋ ਬਹੁਤ ਚੰਗੇ ਪੜ੍ਹੇ - ਲਿਖੇ ਹਨ ਜੋ ਆਪਣੇ ਨੂੰ ਫਿਲਾਸਫਰ ਕਹਿਲਾਉਂਦੇ ਹਨ, ਉਹ ਇਨ੍ਹਾਂ ਗੱਲਾਂ ਨੂੰ ਸਮਝ ਅਤੇ ਸੁਧਾਰ ਜਾਣ, ਕਹਿਣ ਅਸੀਂ ਵੀ ਸ਼ਾਸਤਰ ਪੜ੍ਹੇ ਹਨ, ਪਰ ਹੁਣ ਜੋ ਬਾਪ ਸੁਣਾਉਂਦੇ ਹਨ ਉਹ ਰਾਈਟ ਹੈ। ਬਾਕੀ ਸਭ ਹੈ ਰਾਂਗ। ਤਾਂ ਇਹ ਵੀ ਸਮਝਣ ਕਿ ਬਰੋਬਰ ਵੱਡੇ ਤੋਂ ਵੱਡਾ ਤੀਰਥ ਸਥਾਨ ਇਹ ਹੈ, ਜਿੱਥੇ ਬਾਪ ਆਉਂਦੇ ਹਨ। ਤੁਸੀਂ ਬੱਚੇ ਜਾਣਦੇ ਹੋ ਇਸ ਨੂੰ ਕਿਹਾ ਜਾਂਦਾ ਹੈ - ਧਰਮ ਭੂਮੀ। ਇੱਥੇ ਜਿੰਨੇ ਧਰਮਾਤਮਾ ਰਹਿੰਦੇ ਹਨ ਉੰਨੇ ਹੋਰ ਕਿਤੇ ਨਹੀਂ। ਤੁਸੀਂ ਕਿੰਨਾ ਦਾਨ - ਪੁੰਨ ਕਰਦੇ ਹੋ। ਬਾਪ ਨੂੰ ਜਾਣਕੇ, ਤਨ - ਮਨ - ਧਨ ਸਭ ਇਸ ਸੇਵਾ ਵਿਚ ਲੱਗਾ ਦਿੰਦੇ ਹੋ। ਬਾਪ ਹੀ ਸਭ ਨੂੰ ਲਿਬ੍ਰੇਟ ਕਰਦੇ ਹਨ। ਸਭ ਨੂੰ ਦੁੱਖ ਤੋਂ ਛੁਡਾਉਂਦੇ ਹਨ। ਹੋਰ ਧਰਮ ਸਥਾਪਕ ਕੋਈ ਦੁੱਖ ਤੋਂ ਨਹੀਂ ਛੁਡਾਉਂਦੇ ਹਨ। ਉਹ ਤਾਂ ਆਉਂਦੇ ਹੀ ਹਨ ਉਨ੍ਹਾਂ ਦੇ ਪਿਛਾੜੀ। ਨੰਬਰਵਾਰ ਸਭ ਪਾਰ੍ਹ ਵਜਾਉਣ ਆਉਂਦੇ ਹਨ। ਪਾਰ੍ਹ ਵਜਾਉਂਦੇ - ਵਜਾਉਂਦੇ ਤਮੋਪ੍ਰਧਾਨ ਬਣ ਜਾਂਦੇ ਹਨ। ਫਿਰ ਬਾਪ ਆਕੇ ਸਤੋਪ੍ਰਧਾਨ ਬਣਾਉਂਦੇ ਹਨ। ਤਾਂ ਇਹ ਭਾਰਤ ਕਿੰਨਾ ਵੱਡਾ ਤੀਰਥ ਹੈ। ਭਾਰਤ ਸਭ ਤੋਂ ਨੰਬਰਵਨ ਉੱਚ ਭੂਮੀ ਹੈ। ਬਾਪ ਕਹਿੰਦੇ ਹਨ ਮੇਰੀ ਇਹ ਜਨਮ ਭੂਮੀ ਹੈ। ਮੈਂ ਆਕੇ ਸਭ ਦੀ ਸਦਗਤੀ ਕਰਦਾ ਹਾਂ। ਭਾਰਤ ਨੂੰ ਹੈਵਿਨ ਬਣਾ ਦਿੰਦਾ ਹਾਂ।

ਤੁਸੀਂ ਬੱਚੇ ਜਾਣਦੇ ਹੋ ਬਾਪ ਸ੍ਵਰਗ ਦਾ ਮਾਲਿਕ ਬਣਾਉਣ ਆਏ ਹਨ। ਅਜਿਹੇ ਬਾਪ ਨੂੰ ਬਹੁਤ ਪਿਆਰ ਨਾਲ ਯਾਦ ਕਰੋ। ਤੁਹਾਨੂੰ ਵੇਖ ਹੋਰ ਵੀ ਇਵੇਂ ਕਰਮ ਕਰਨਗੇ। ਇਸ ਨੂੰ ਹੀ ਕਿਹਾ ਜਾਂਦਾ ਹੈ - ਅਲੌਕਿਕ ਦਿਵਯ ਕਰਮ। ਇਵੇਂ ਨਾ ਸਮਝੋ ਕੋਈ ਨਹੀਂ ਜਾਨਣਗੇ। ਇਵੇਂ ਨਿਕਲਣਗੇ ਜੋ ਤੁਹਾਡੇ ਇਹ ਚਿੱਤਰ ਵੀ ਲੈ ਜਾਣਗੇ। ਚੰਗੇ - ਚੰਗੇ ਚਿੱਤਰ ਬਣੇ ਤਾਂ ਸਟੀਮਰ ਭਰਾਕੇ ਲੈ ਜਾਣਗੇ। ਸਟੀਮਰ ਜਿੱਥੇ - ਜਿੱਥੇ ਖੜ੍ਹਾ ਰਹਿੰਦਾ ਹੈ ਉੱਥੇ ਇਹ ਚਿੱਤਰ ਲਗਾ ਦੇਣਗੇ। ਤੁਹਾਡੀ ਬਹੁਤ ਸਰਵਿਸ ਹੋਣੀ ਹੈ। ਬਹੁਤ ਉਦਾਰਚਿਤ ਹੁੰਡੀ ਭਰਨ ਵਾਲੇ ਸਾਂਵਲਸ਼ਾਹ ਵੀ ਨਿਕਲਣਗੇ ਜੋ ਇਵੇਂ ਦੇ ਕੰਮ ਕਰਨ ਲੱਗ ਪੈਂਦੇ ਹਨ। ਤਾਕਿ ਸਭ ਨੂੰ ਪਤਾ ਪਵੇ ਕਿ ਇਹ ਕੌਣ ਹੈ ਜੋ ਇਸ ਪੁਰਾਣੀ ਦੁਨੀਆਂ ਨੂੰ ਬਦਲ ਅਤੇ ਨਵੀਂ ਦੁਨੀਆਂ ਸਥਾਪਨ ਕਰਦੇ ਹਨ। ਤੁਹਾਡੀ ਵੀ ਪਹਿਲੇ ਤੁੱਛ ਬੁੱਧੀ ਸੀ, ਹੁਣ ਤੁਸੀਂ ਕਿੰਨੇ ਸਵੱਛ ਬੁੱਧੀ ਬਣੇ ਹੋ। ਜਾਣਦੇ ਹੋ ਅਸੀਂ ਇਸ ਗਿਆਨ ਅਤੇ ਯੋਗਬਲ ਨਾਲ ਵਿਸ਼ਵ ਨੂੰ ਹੈਵਿਨ ਬਣਾਉਂਦੇ ਹਾਂ। ਬਾਕੀ ਸਭ ਮੁਕਤੀਧਾਮ ਵਿੱਚ ਚਲੇ ਜਾਣਗੇ। ਤੁਹਾਨੂੰ ਵੀ ਅਥਾਰਿਟੀ ਬਣਨਾ ਹੈ। ਬੇਹੱਦ ਦੇ ਬਾਪ ਦੇ ਬੱਚੇ ਹੋ ਨਾ। ਸ਼ਕਤੀ ਮਿਲਦੀ ਹੈ ਯਾਦ ਨਾਲ। ਬਾਪ ਨੂੰ ਵਰਲਡ ਆਲਮਈਟੀ ਅਥਾਰਿਟੀ ਕਿਹਾ ਜਾਂਦਾ ਹੈ। ਸਾਰੇ ਵੇਦਾਂ ਸ਼ਾਸਤਰਾਂ ਦਾ ਸਾਰ ਦੱਸਦੇ ਹਨ। ਤਾਂ ਬੱਚਿਆਂ ਨੂੰ ਕਿੰਨਾ ਉਮੰਗ ਰਹਿਣਾ ਚਾਹੀਦਾ ਸਰਵਿਸ ਦਾ। ਮੁਖ ਤੋਂ ਗਿਆਨ ਰਤਨਾਂ ਦੇ ਸਿਵਾਏ ਹੋਰ ਕੁਝ ਨਾ ਨਿਕਲੇ। ਤੁਸੀਂ ਹਰ ਇੱਕ ਰੂਪ - ਬਸੰਤ ਹੋ। ਤੁਸੀਂ ਵੇਖਦੇ ਹੋ ਸਾਰੀ ਦੁਨੀਆਂ ਸਬਜ (ਹਰੀ - ਭਰੀ) ਬਣ ਜਾਂਦੀ ਹੈ। ਸਭ ਕੁਝ ਨਵਾਂ, ਉੱਥੇ ਦੁੱਖ ਦਾ ਨਾਮ ਨਹੀਂ। ਪੰਜ ਤਤ੍ਵ ਵੀ ਤੁਹਾਡੀ ਸਰਵਿਸ ਵਿੱਚ ਹਾਜ਼ਿਰ ਰਹਿੰਦੇ ਹਨ। ਹੁਣ ਉਹ ਡਿਸਸਰਵਿਸ ਕਰਦੇ ਹਨ ਕਿਓਂਕਿ ਮਨੁੱਖ ਲਾਇਕ ਨਹੀਂ ਹਨ। ਬਾਪ ਹੁਣ ਲਾਇਕ ਬਣਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਰੂਪ - ਬਸੰਤ ਬਣ ਮੁਖ ਤੋਂ ਹਮੇਸ਼ਾ ਗਿਆਨ ਰਤਨ ਹੀ ਕੱਢਣੇ ਹੈ। ਸਰਵਿਸ ਦੇ ਉਮੰਗ ਵਿਚ ਰਹਿਣਾ ਹੈ। ਯਾਦ ਵਿੱਚ ਰਹਿਣਾ ਅਤੇ ਸਭ ਨੂੰ ਬਾਪ ਦੀ ਯਾਦ ਦਿਵਾਉਣਾ - ਇਹ ਹੀ ਦਿਵਯ ਅਲੌਕਿਕ ਕੰਮ ਕਰਨਾ ਹੈ।

2. ਸੱਚਾ - ਸੱਚਾ ਆਸ਼ਿਕ ਬਣ ਇੱਕ ਮਾਸ਼ੂਕ ਤੇ ਫ਼ਿਦਾ ਹੋਣਾ ਹੈ ਮਤਲਬ ਬਲੀ ਚੜ੍ਹਨਾ ਹੈ, ਤਾਂ ਹੀ ਸੱਚੀ ਦੀਪਾਵਲੀ ਹੋਵੇਗੀ।

ਵਰਦਾਨ:- ਵਿਸ਼ਵ ਮਹਾਰਾਜਨ ਦੀ ਪਦਵੀ ਪ੍ਰਾਪਤ ਕਰਨ ਵਾਲੇ ਸਰਵ ਸ਼ਕਤੀਆਂ ਦੇ ਸਟਾਕ ਨਾਲ ਸੰਪੰਨ ਭਵ।
ਜੋ ਵਿਸ਼ਵ ਮਹਾਰਾਜਨ ਦੀ ਪਦਵੀ ਪ੍ਰਾਪਤ ਕਰਨ ਵਾਲੀਆਂ ਆਤਮਾਵਾਂ ਹਨ ਉਨ੍ਹਾਂ ਦਾ ਪੁਰਸ਼ਾਰਥ ਸਿਰਫ ਆਪਣੇ ਪ੍ਰਤੀ ਨਹੀਂ ਹੋਵੇਗਾ। ਆਪਣੇ ਜੀਵਨ ਵਿੱਚ ਆਉਣ ਵਾਲੇ ਵਿਘਣ ਅਤੇ ਪ੍ਰੀਖਿਆਵਾਂ ਨੂੰ ਪਾਸ ਕਰਨਾ - ਇਹ ਤੇ ਬਹੁਤ ਕਾਮਨ ਹੈ ਲੇਕਿਨ ਜੋ ਵਿਸ਼ਵ ਮਹਾਰਾਜਨ ਬਣਨ ਵਾਲੀਆਂ ਆਤਮਾਵਾਂ ਹਨ ਉਨ੍ਹਾਂ ਦੇ ਕੋਲ ਹੁਣ ਤੋਂ ਹੀ ਸਰਵ ਸ਼ਕਤੀਆਂ ਦਾ ਸਟਾਕ ਭਰਪੂਰ ਹੋਵੇਗਾ। ਉਨ੍ਹਾਂ ਦਾ ਹਰ ਸੈਕਿੰਡ ਹਰ ਸੰਕਲਪ ਦੂਜਿਆਂ ਦੇ ਪ੍ਰਤੀ ਹੋਵੇਗਾ। ਤਨ - ਮਨ-ਧਨ ਸਮੇਂ ਸਵਾਸ ਸਭ ਵਿਸ਼ਵ ਕਲਿਆਣ ਲਈ ਸਫਲ ਹੁੰਦਾ ਰਹੇਗਾ।

ਸਲੋਗਨ:- ਇੱਕ ਵੀ ਕਮਜੋਰੀ ਅਨੇਕ ਵਿਸ਼ੇਸ਼ਤਾਵਾਂ ਨੂੰ ਖਤਮ ਕਰ ਦਿੰਦੀ ਹੈ ਇਸਲਈ ਕਮਜੋਰੀਆਂ ਨੂੰ ਤਲਾਕ ਦਵੋ।

******

ਅਵਿਅਕਤ ਇਸ਼ਾਰੇ :- ਖੁਦ ਅਤੇ ਸਭ ਦੇ ਪ੍ਰਤੀ, ਮਨਸਾ ਦ੍ਵਾਰਾ ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।

ਆਪਣੀ ਸ਼ੁਭ ਭਾਵਨਾ, ਸ੍ਰੇਸ਼ਠ ਕਾਮਨਾ, ਸ੍ਰੇਸ਼ਠ ਵ੍ਰਿਤੀ, ਸ੍ਰੇਸ਼ਠ ਵਾਇਬ੍ਰੇਸ਼ਨ ਦ੍ਵਾਰਾ ਕਿਸੇ ਵੀ ਜਗ੍ਹਾ ਤੇ ਰਹਿੰਦੇ ਹੋਏ ਮਨਸਾ ਦ੍ਵਾਰਾ ਅਨੇਕ ਆਤਮਾਵਾਂ ਦੀ ਸੇਵਾ ਕਰ ਸਕਦੇ ਹੋ। ਇਸ ਦੀ ਵਿਧੀ ਹੈ - ਲਾਈਟ ਹਾਊਸ, ਮਾਇਟ ਹਾਊਸ ਬਣਨਾ। ਇਸ ਵਿੱਚ ਸਥੂਲ ਸਾਧਨ, ਚਾਂਸ ਜਾਂ ਸਮੇਂ ਦੀ ਪ੍ਰਾਬਲਮ ਨਹੀਂ ਹੈ। ਸਿਰਫ ਲਾਈਟ ਹਾਊਸ ਨਾਲ ਸੰਪੰਨ ਬਣਨ ਦੀ ਜਰੂਰਤ ਹੈ।